**Dr. R.P.S. Bedi**
**Joint Registrar**
**(Deptt. of Student Welfare)**

**I.K. Gujral Punjab Technical University**
Jalandhar- Kapurthala Highway, Kapurthala
Phone No. 9478098007

Ref. No. IKGPTU/AR/SW/2414 Date: 09/08/2019

ਪ੍ਰਿੰਸੀਪਲ/ਡਾਇਰੈਕਟਰ,
IKGPTU ਨਾਲ ਸਬੰਧਿਤ ਸਾਰੇ ਕਾਲਜ, Main Campus & other Campuses

ਵਿਸ਼ਾ:-ਵਿਦਿਆਰਥੀਆਂ ਨੂੰ ਰਿਆਇਤੀ ਬੱਸ ਪਾਸ ਦੀ ਸਹੂਲਤ ਮੁਹੱਈਆਂ ਕਰਵਾਉਣ ਸੰਬੰਧੀ।

ਉਪਰੋਕਤ ਦੇ ਸੰਬੰਧ ਵਿੱਚ ਡਾਇਰੈਕਟਰ,ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ (ਤਕਨੀਕੀ ਸਿਖਿਆ ਵਿੰਗ), ਚੰਡੀਗੜ੍ਹ ਵਲੋਂ ਸਟੇਟ ਟਰਾਂਸਪੋਰਟ ਵਿਭਾਗ, ਪੰਜਾਬ ਚੰਡੀਗੜ੍ਹ ਅਤੇ ਪੀ.ਆਰ.ਟੀ.ਸੀ., ਪਟਿਆਲਾ ਨੂੰ ਜਾਰੀ ਪੱਤਰ ਪਿੱਠ ਅੰਕਣ ਨੰ. ਤਸਿ/ਲੇਖਾ/ਸ-3/4706 /ਲੇਖਾ ਮਿਤੀ 12-07/2019 ਦਾ ਉਤਾਰਾ ਪ੍ਰਾਪਤ ਹੋਇਆ ਹੈ, ਜਿਸ ਵਿੱਚ ਉਹਨਾਂ ਵਲੋਂ ਯੂਨੀਵਰਸਿਟੀ ਨਾਲ ਸਬੰਧਿਤ ਸਾਰੇ ਕਾਲਜ ਅਤੇ Main Campus & other Campuses ਦੇ ਸਬੰਧਿਤ ਪ੍ਰਿੰਸੀਪਲ ਵਲੋਂ ਨਾਲ ਨੱਥੀ ਪ੍ਰੋਫਾਰਮੇ (ਲੜੀ ਨੰ. 01 ਤੋਂ 04) ਅਨੁਸਾਰ ਸਰਟੀਫਿਕੇਟ ਅਤੇ ਲੋੜੀਂਦੀ ਕਾਰਵਾਈ ਕਰਨ ਸਬੰਧੀ ਲਿਖਿਆ ਹੈ (ਪੱਤਰ ਨਾਲ ਨੱਥੀ ਹੈ)

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਨੂੰ ਬੱਸ ਪਾਸ ਮੁਹੱਈਆ ਕਰਵਾਉਣ ਸਬੰਧੀ ਉਪਰੋਕਤ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ ਜੀ।

RPSBedi 09/08/19
ਸੰਯੁਕਤ ਰਜਿਸਟਰਾਰ
(ਵਿਦਿਆਰਥੀ ਭਲਾਈ ਵਿਭਾਗ)

ਉਤਾਰਾ :- ਰਜਿਸਟਰਾਰ (ਜਾਣਕਾਰੀ ਹਿੱਤ)।
ਮੁੱਖੀ,ਆਈ.ਟੀ.ਐਸ. ਵਿਭਾਗ (ਵੈਬ-ਸਾਇਟ ਅਤੇ ਕਾਲਜਾਂ ਦੀ ਲਾਗਿਨ-ਆਈ.ਡੀ. ਵਿੱਚ ਪਾਉਣ ਲਈ)

ਵੱਲੋਂ,

ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ।

ਸੇਵਾ ਵਿੱਚ,

1. ਡਾਇਰੈਕਟਰ,
ਸਟੇਟ ਟਰਾਂਸਪੋਰਟ ਵਿਭਾਗ, ਪੰਜਾਬ,
ਸੈਕਟਰ-17,ਚੰਡੀਗੜ੍ਹ ।

2. ਮੈਨੇਜਿੰਗ ਡਾਇਰੈਕਟਰ,
ਪੈਪਸੂ ਰੋਡਵੇਜ਼ ਟ੍ਰਾਸ. ਕਾਰਪੋਰੇਸ਼ਨ,ਪਟਿਆਲਾ ।

ਮੀਮੋ ਨੰ: /ਲੇਖਾ
ਮਿਤੀ

ਵਿਸ਼ਾ :- ਵਿਦਿਆਰਥੀਆਂ ਨੂੰ ਰਿਆਇਤੀ ਬੱਸ ਪਾਸ ਸਹੂਲਤ ਮੁਹੱਈਆਂ ਕਰਵਾਉਣ ਸਬੰਧੀ।

ਇਸ ਪੱਤਰ ਰਾਹੀਂ ਆਪ ਨੂੰ ਪੰਜਾਬ ਸਰਕਾਰ (ਤਕਨੀਕੀ ਸਿੱਖਿਆ-2) ਦੇ ਨੋਟੀਫਿਕੇਸ਼ਨ ਨੰ:8/30/2019-4ਟੀਈ2/1495283/1 ਮਿਤੀ 31/05/2019 ਰਾਹੀਂ **JEE(Main) and NATA**, ਨੋਟੀਫਿਕੇਸ਼ਨ ਨੰ:8/30/2019-4ਟੀਈ2/1495333/1 ਮਿਤੀ 31/05/2019 ਰਾਹੀਂ **B.Pharmacy/Pharma.D**, ਨੋਟੀਫਿਕੇਸ਼ਨ ਨੰ:8/30/2019-4ਟੀਈ2/1495398/1 ਮਿਤੀ 31/05/2019 ਰਾਹੀਂ **MCA**, ਨੋਟੀਫਿਕੇਸ਼ਨ.ਨੰ:8/30/2019-4ਟੀਈ2/1495160/1 ਮਿਤੀ 31/05/2019 ਰਾਹੀਂ **M.Tech.**, ਨੋਟੀਫਿਕੇਸ਼ਨ. ਨੰ:8/30/19-4ਟੀਈ2/1495205/1 ਮਿਤੀ 31/05/2019 ਰਾਹੀਂ **Hotel Management & Catering Technology**, ਨੋਟੀਫਿਕੇਸ਼ਨ. ਨੰ:8/30/19-4ਟੀਈ2/1495124/1 ਮਿਤੀ 31/05/2019 ਰਾਹੀਂ **Pharma D(Post Baccalaureate)**, ਨੋਟੀਫਿਕੇਸ਼ਨ. ਨੰ:8/30/19-4ਟੀਈ2/1495136/1 ਮਿਤੀ 31/05/2019 ਰਾਹੀਂ **B.Tech. and B.Engineering**, ਨੋਟੀਫਿਕੇਸ਼ਨ. ਨੰ:8/30/19-4ਟੀਈ2/1495315/1 ਮਿਤੀ 31/05/2019 ਰਾਹੀਂ **B.Pharmacy**, ਨੋਟੀਫਿਕੇਸ਼ਨ. ਨੰ:8/30/19-4ਟੀਈ2/1495382/1 ਮਿਤੀ 31/05/2019 ਰਾਹੀਂ **Pharmacy(M.Pharma)**, ਨੋਟੀਫਿਕੇਸ਼ਨ. ਨੰ:8/30/19-4ਟੀਈ2/1495357/1 ਮਿਤੀ 31/05/2019 ਰਾਹੀਂ **M.B.A.**, ਨੋਟੀਫਿਕੇਸ਼ਨ. ਨੰ:8/30/19-4ਟੀਈ2/1495344/1 ਮਿਤੀ 31/05/2019 ਰਾਹੀਂ **BCA/B.Sc.(IT)/B.Sc.(Computer)**, ਨੋਟੀਫਿਕੇਸ਼ਨ. ਨੰ:8/30/19-4ਟੀਈ2/1505767/1 ਮਿਤੀ 20/06/2019 ਰਾਹੀਂ **Architecture (NATA)** ਦੇ ਜਾਰੀ ਨੋਟੀਫਿਕੇਸ਼ਨਾਂ ਦੇ ਸਬੰਧ ਵਿੱਚ ਡਿਪਟੀ ਡਾਇਰੈਕਟਰ(ਈ.ਸੀ.ਸੀ.) ਦੇ ਗੈ.ਸ.ਪੱਤਰ ਨੰ: 63/ਸ-6/ਈ.ਸੀ.ਸੀ./2019 ਮਿਤੀ 03/07/19 ਰਾਹੀਂ ਪ੍ਰਾਪਤ ਕੋਰਸਾਂ ਦੀਆਂ ਕਾਪੀਆਂ (ਸੰਸਥਾਵਾਂ ਦੇ ਨਾਂਵਾਂ ਤੇ ਕੋਰਸਾਂ ਕਾਪੀਆਂ ਸਮੇਤ) ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਇਨਾਂ ਸੰਸਥਾਵਾਂ ਵਿੱਚ ਉਪਰੋਕਤ ਦਰਸਾਏ ਕੋਰਸਾਂ ਵਿੱਚ ਪੜਦੇ ਪੰਜਾਬ ਰਾਜ ਦੇ ਮਨੋਨਿਤ ਰੈਗੂਲਰ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਲਏ ਗਏ ਫੈਸਲੇ/ਨਿਯਮਾਂ ਅਤੇ ਸਮੇਂ-ਸਮੇਂ ਸਿਰ ਜ਼ਾਰੀ ਕੀਤੀਆਂ ਹਦਾਇਤਾਂ ਅਨੁਸਾਰ ਸਾਲ 2019-2020 ਲਈ ਬੱਸ ਪਾਸ ਜ਼ਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਅਜਿਹੇ ਪਾਸ ਜ਼ਾਰੀ ਕਰਨ ਨਾਲ ਪੰਜਾਬ ਰੋਡਵੇਜ਼/ਪੀ.ਆਰ.ਟੀ.ਸੀ. ਨੂੰ ਪਏ ਘਾਟੇ ਦੀ ਪ੍ਰਤੀ ਪੂਰਤੀ ਤਕਨੀਕੀ ਸਿੱਖਿਆ ਵਿਭਾਗ ਕਰੇਗਾ।

ਨੱਥੀ :- ਉਪਰੋਕਤ ਅਨੁਸਾਰ ।

ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ)
ਵਾ:ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ

ਪਿੱਠ ਅੰਕਣ ਨੰ:ਤਸਿ/ਲੇਖਾ/ਸ-3/ 4706 /ਲੇਖਾ ਮਿਤੀ:- 12/7/19

ਇਸ ਦਾ ਉਤਾਰਾ ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ,ਜਲੰਧਰ ਅਤੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਪਾਸੋਂ ਪ੍ਰਾਪਤ ਹੋਈਆਂ ਸੰਸਥਾਵਾਂ ਦੀਆਂ ਲਿਸਟਾਂ ਇੰਜਨੀਅਰਿੰਗ ਡਿਗਰੀ/ਡਿਪਲੋਮਾਂ ਕੋਰਸਾਂ ਵਿੱਚ ਪੜ੍ਹ ਰਹੇ ਰੈਗੂਲਰ ਵਿਦਿਆਰਥੀਆਂ ਨੂੰ ਰਿਆਇਤੀ ਬੱਸ ਪਾਸ ਸਹੂਲਤ ਮੁਹੱਈਆ ਕਰਾਉਣ ਲਈ ਸੰਸਥਾਵਾਂ ਦੇ ਪ੍ਰਿੰਸਪਲਾਂ/ ਮੁੱਖੀਆਂ ..................................................ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਤਸਦੀਕ ਕੀਤਾ ਜਾਂਦਾ ਹੈ ਕਿ ਇਸ ਸੰਸਥਾਂ/ਤਕਨੀਕੀ ਕਾਲਜ਼ ਨੂੰ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਉਕਤ..........ਕੋਰਸ ਲਈ ਪੱਤਰ ਨੰ:......................ਮਿਤੀ .............. ਦੀ ਲੜੀ ਨੰ:............ ਰਾਹੀਂ ਬੱਸ ਪਾਸ ਬਣਾਉਣ ਅਤੇ ਘਾਟੇ ਦੀ ਪ੍ਰਤੀ ਪੂਰਤੀ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਕਰਨ ਦੀ ਸਹਿਮਤੀ ਪ੍ਰਾਪਤ ਹੋਈ ਹੈ।
2. ਇਸ ਤੋਂ ਇਲਾਵਾ ਇਹ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਵਿਦਿਆਰਥੀਆਂ ਦੀ ਅਰਜ਼ੀ ਵੀ ਸਮੇਂ-ਸਿਰ ਸਿਫਾਰਸ਼ ਕੀਤੀ ਜਾਵੇ। ਜੇਕਰ ਵਿਦਿਆਰਥੀ ਅਰਜ਼ੀ ਸਿਫਾਰਸ਼ ਲਈ ਲੇਟ ਲੈ ਕੇ ਆਉਂਦਾ ਹੈ ਤਾਂ ਉਸ ਦਾ ਕਾਰਨ ਦੱਸਦੇ ਹੋਏ ਤਸਦੀਕ ਕੀਤਾ ਜਾਵੇ ਅਤੇ ਉਸ ਦੀ ਅਰਜ਼ੀ ਤੇ ਸਿਫਾਰਸ਼ ਪਾਸ ਖਤਮ ਹੋਣ ਦੀ ਮਿਤੀ ਤੋਂ ਹੀ ਕੀਤੀ ਜਾਵੇ।
3. ਕਾਲਜ਼ ਮੁਖੀ ਸਿਫਾਰਸ਼ ਕਰਦੇ ਸਮੇਂ ਇਹ ਯਕੀਨੀ ਬਣਾਉਣ ਅਤੇ ਦਰਜ਼ ਕਰਨ ਕਿ ਕਾਲਜ਼ ਮਿਤੀ.......... ਤੋਂ ...........ਤੱਕ ਬੰਦ ਰਹਿਣਗੇ ਅਤੇ ਛੁੱਟੀਆਂ ਵਿੱਚ ਇਹ ਵਿਦਿਆਰਥੀ ਕਾਲਜ਼ ਵਿੱਚ ਪੜ੍ਹਾਈ/ਇਮਤਿਹਾਨ/ਲਾਇਬਰੇਰੀ/ ਖੇਡਾਂ ਜਾਂ ਹੋਰ ਮੰਤਵਾਂ ਲਈ ਆ ਜਾ ਸਕਣਗੇ।
4. ਵਿਦਿਆਰਥੀ ਨੂੰ ਇੱਕ ਵਾਰ ਬੱਸ ਪਾਸ ਜ਼ਾਰੀ ਕਰ ਦਿੱਤਾ ਜਾਂਦਾ ਹੈ ਤਾਂ ਉਸ ਦਾ ਨਵੀਨੀਕਰਨ ਕਰਵਾਉਣਾ ਜਾਂ ਲੋੜ ਨਾ ਹੋਣ ਤੇ ਪੀ.ਆਰ.ਟੀ.ਸੀ. ਦਫਤਰ ਜਮ੍ਹਾਂ ਕਰਵਾਉਣਾ ਵਿਦਿਆਰਥੀ ਅਤੇ ਕਾਲਜ਼ ਦੇ ਮੁਖੀ ਦੀ ਜਿੰਮੇਵਾਰੀ ਹੋਵੇਗੀ। ਸਹਿਮਤੀ ਪੱਤਰ ਸਮੇਂ-ਸਿਰ ਭੇਜਣੇ ਯਕੀਨੀ ਬਣਾਏ ਜਾਣ।

ਬੇਨਤੀ ਕੀਤੀ ਜਾਂਦੀ ਹੈ ਕਿ ਵਿਦਿਆਰਥੀ ਨੂੰ ਬੱਸ ਪਾਸ ਸਹੂਲਤ ਪ੍ਰਾਪਤ ਕਰਨ ਲਈ ਉਪਰੋਕਤ ਸਰਟੀਫਿਕਟ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਨਾਨ-ਇੰਜ: ਕੋਰਸਾਂ ਦੇ ਵਿਦਿਆਰਥੀ ਦੇ ਬਸ ਪਾਸ ਸਹੂਲਤ ਲਈ ਉਚੇਰੀ ਸਿੱਖਿਆ ਵਿਭਾਗ ਨੂੰ ਪਹੁੰਚ ਕੀਤੀ ਜਾਵਜੀ।

ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ)
ਵਾ:ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ
11/7/19